Impressions
Date
Page

Assignment

# SCHOOL MANAGEMENT

Topic - Institutional Planning

Submitted to - Reetu Mam

Submitted by - Dharminder Kumar
Rollno. 1919
B.Ed. (2019-2021)

Scanned with CamScanner

# Institutional Planning

**ਭੂਮਿਕਾ -** ਹਰੇਕ ਜੀਵਨ ਖੇਤਰ ਵਿੱਚ ਯੋਜਨਾ ਦੀ ਬੜੀ ਮਹੱਤਵਪੂਰਨ ਥਾਂ ਹੈ। ਸਿੱਖਿਆ, ਸੰਗਠਨ, ਪ੍ਰਸ਼ਾਸਨ, ਵਪਾਰ ਆਦਿ ਸਾਰੇ ਖੇਤਰਾਂ ਵਿੱਚ ਇਸਦੀ ਲੋੜ ਹੁੰਦੀ ਹੈ- ਜਿਵੇਂ ਸਿੱਖਿਆ ਯੋਜਨਾ, ਆਰਥਿਕ ਯੋਜਨਾ, ਉਦਯੋਗਿਕ ਯੋਜਨਾ, ਸਮੁਦਾਇਕ ਯੋਜਨਾ, ਪਰਿਵਾਰ ਨਿਯੋਜਨਾ ਆਦਿ। ਕਿਸੇ ਵੀ ਸਮਾਜਿਕ ਪ੍ਰਣਾਲੀ ਵਿੱਚ, ਯੋਜਨਾ ਅਤਿਅੰਤ ਜ਼ਰੂਰੀ ਸਾਧਨ ਹੈ।

**ਅਰਥ** ਸੰਸਥਾ ਯੋਜਨਾ ਅਜਿਹੀ ਯੋਜਨਾ ਹੈ ਜੋ ਸੰਸਥਾ ਦੁਆਰਾ ਮਹਿਸੂਸ ਕੀਤੀਆਂ ਜਾਂਦੀਆਂ ਲੋੜਾਂ ਦੇ ਤੇ ਪ੍ਰਾਪਤ ਜਾਂ ਪ੍ਰਾਪਤ ਹੋ ਸਕਣ ਵਾਲੇ ਸਾਧਨਾਂ ਦੇ ਆਧਾਰ ਤੇ ਆਪਣੇ ਵਿਕਾਸ ਲਈ ਬਣਾਈ ਜਾਂਦੀ ਹੈ।

**ਪਰਿਭਾਸ਼ਾ-** ਡਾ. ਵੀ. ਕੇ. ਆਰ. ਵੀ ਦੇ ਅਨੁਸਾਰ:

"ਹਰੇਕ ਸੰਸਥਾ ਨੂੰ ਰਾਸ਼ਟਰੀ ਸਿੱਖਿਆ ਨੀਤੀ ਦੀ ਵਿਆਪਕ ਰੂਪਰੇਖਾ ਵਿੱਚ ਆਪਣੀਆਂ ਵਿਅਕਤੀਗਤ ਲੋੜਾਂ ਦੇ ਆਧਾਰ ਤੇ ਆਪਣੀ ਵਿਕਾਸ ਯੋਜਨਾ ਬਣਾਉਣੀ ਸਿੱਖਣੀ ਪਵੇਗੀ।"

- ਡਾ. ਐਸ. ਕੇ. ਮਿੱਤਰਾ ਅਨੁਸਾਰ-

"ਸੰਸਥਾ ਯੋਜਨਾ ਦੀ ਸਮੁੱਚੀ ਧਾਰਨਾ ਇਸ ਗੱਲ ਤੇ ਨਿਰਧਾਰਿਤ ਨਹੀਂ ਕਿ ਸਿੱਖਿਆ ਦੇ ਖੇਤਰ ਵਿੱਚ ਸਕੂਲ ਤੋਂ ਲੈ ਕੇ ਉੱਚ ਪੱਧਰ ਤੱਕ ਨਵੇਂ ਵਿਚਾਰਾਂ ਲਈ ਹੀ ਨਵੇਂ-2 ਵਿਚਾਰਾਂ ਨੂੰ ਅਪਨਾਉਣ ਦਾ ਯਤਨ ਕੀਤਾ ਜਾਵੇ, ਸਗੋਂ ਇਸ ਗੱਲ ਤੇ ਆਧਾਰਿਤ ਹੈ ਕਿ ਜਿੰਨੇ ਵੀ ਸਾਧਨ ਸਾਨੂੰ ਪ੍ਰਾਪਤ ਹਨ, ਉਨ੍ਹਾਂ ਨਾਲ ਚੰਗਾ ਕੰਮ ਕੀਤਾ ਜਾਵੇ।"

Scanned with CamScanner

ਉਪਰੋਕਤ ਪਰਿਭਾਸ਼ਾਵਾਂ ਦੇ ਅਨੁਸਾਰ ਪਤਾ ਲੱਗਦਾ ਹੈ ਕਿ ਸੰਸਥਾ ਯੋਜਨਾ ਉੱਚ ਪੱਧਰ ਦੀ ਸਿੱਖਿਆ ਅਤੇ ਹੋਰਾਂ ਖੇਤਰਾਂ ਦੀ ਰਾਜ ਪ੍ਰਣਾਲੀ ਦੀ ਪ੍ਰਭਾਵਸ਼ਾਲੀ ਹੋਣ ਲਈ ਬਹੁਤ ਜ਼ਰੂਰੀ ਹੈ।

## ਸੰਸਥਾ ਯੋਜਨਾ ਦੇ ਲਾਭ, ਮਹੱਤਤਾ ਜਾਂ ਲੋੜ

(1) ਬਿਹਤਰੀ ਅਤੇ ਸੁਧਾਰ- ਸਾਰੀਆਂ ਸੰਸਥਾਵਾਂ ਦੇ ਮੁਖੀ ਤੇ ਅਧਿਆਪਕ ਕਈ ਯੋਜਨਾਵਾਂ ਬਣਾਉਂਦੇ ਹਨ ਪਰ ਅਸਲ ਵਿੱਚ ਇਹ ਸਾਰੀਆਂ ਯੋਜਨਾਵਾਂ ਵਿਧੀਪੂਰਨ, ਉਚਿਤ ਅਤੇ ਸਪੱਸ਼ਟ ਨਹੀਂ ਹੁੰਦੀਆਂ। ਇਹ ਆਮਤੌਰ ਤੇ ਪਾਠਕ੍ਰਮ, ਪਰੀਖਿਆ ਲਈ ਸਬੰਧਿਤ ਹੁੰਦੀਆ ਹਨ। ਅਸਲ ਵਿੱਚ ਅੱਜ ਬਿਹਤਰੀ ਅਤੇ ਸੁਧਾਰ ਲਈ ਅਜਿਹੀ ਯੋਜਨਾ ਦੀ ਲੋੜ ਹੈ ਜੋ ਸਮੁੱਚੇ ਦੇਸ਼ ਵਿੱਚ ਪ੍ਰਗਤੀ ਅਤੇ ਉੱਨਤੀ ਦੀਆਂ ਲੋੜਾਂ ਦੇ ਅਨੁਕੂਲ ਹੋਵੇ।

(2) ਸਿੱਖਿਆ ਯੋਜਨਾ ਲਈ ਉਚਿਤ ਸੇਧ- ਸੰਸਥਾ ਯੋਜਨਾ ਦੇਸ਼ ਦੀ ਸਿੱਖਿਆ ਯੋਜਨਾ ਲਈ ਉਚਿਤ ਸੇਧ ਦਿੰਦੀ ਹੈ ਅਰਥਾਤ ਇਹ ਜ ਹੇਠਾਂ ਤੋਂ ਉੱਪਰ ਵੱਲ ਸੇਧ ਦਿੰਦੀ ਹੈ। ਸੰਸਥਾ ਯੋਜਨਾ ਦੇਸ਼ ਦੀ ਸਿੱਖਿਆ ਯੋਜਨਾ ਦੀ ਪ੍ਰਕਿਰਿਆ ਵਿੱਚ ਪ੍ਰਬੰਧਕਾਂ, ਅਧਿਆਪਕਾਂ, ਮਾਪਿਆਂ ਆਦਿ (ਲਈ) ਦੀਆ ਭੂਮਿਕਾਵਾਂ ਨੂੰ ਮਨਜ਼ੂਰੀ ਦਿੰਦੀ ਹੈ।

(3) ਸਾਧਨਾਂ ਦੀ ਵੱਧ ਤੋਂ ਵੱਧ ਵਰਤੋਂ- ਸੰਸਥਾ ਯੋਜਨਾ ਪ੍ਰਾਪਤ ਸਾਧਨਾਂ ਦੀ ਵ ਤੋਂ ਵੱਧ ਵਰਤੋਂ ਵੱਲ ਪ੍ਰੇਰਦੀ ਹੈ। ਹਰੇਕ ਸੰਸਥਾਂ ਵਿੱ ਲੋੜਾਂ ਅਤੇ ਮੰਗਾਂ ਦੇ ਵਾਧੇ ਕਾਰਨ ਅੱਜ ਦੇਸ਼ ਨੂੰ ਸ

Scanned with CamScanner

ਦੀ ਕਮੀ ਦਾ ਮੁਕਾਬਲਾ ਕਰਨਾ ਪੈ ਰਿਹਾ ਹੈ। ਇਸ ਲਈ ਘੱਟ ਤੋਂ ਘੱਟ ਸਾਧਨਾਂ ਦੀ ਵੱਧ ਤੋਂ ਵੱਧ ਵਰਤੋਂ ਦੀ ਲੋੜ ਹੈ।

(4) ਰਾਸ਼ਟਰੀ ਵਿਕਾਸ – ਸਿੱਖਿਆ ਯੋਜਨਾ ਰਾਸ਼ਟਰੀ ਵਿਕਾਸ ਯੋਜਨਾ ਦੇ ਅਨੁਕੂਲ ਹੋਣੀ ਚਾਹੀਦੀ ਹੈ। ਇਸ ਨਾਲ ਇਸਨੂੰ ਲੋਕਾਂ ਦੇ ਸਮੂਹਿਕ ਯਤਨ ਪ੍ਰਾਪਤ ਹੁੰਦੇ ਹਨ।

(5) ਵਿਅਕਤੀਗਤ ਅਧਿਆਪਕ ਦੀ ਅਗਵਾਈ ਨੂੰ ਉਤਸ਼ਾਹਿਤ ਕਰਨਾ – ਸੰਸਥਾ ਯੋਜਨਾ ਹਰੇਕ ਅਧਿਆਪਕ ਦੀ ਅਗਵਾਈ ਸੁਤੰਤਰਤਾ ਤੇ ਰਚਨਾਤਮਿਕਤਾ ਉਤਸ਼ਾਹਿਤ ਕਰਦੀ ਹੈ। ਇਹ ਅਧਿਆਪਕਾਂ ਨੂੰ ਵਿਸ਼ਾਲਤਾ ਦੀ ਪ੍ਰਾਪਤੀ ਲਈ ਉਤਸ਼ਾਹਿਤ ਕਰਦੀ ਹੈ। ਇਹ ਅਧਿਆਪਕਾਂ ਵਿੱਚ ਸਰਬੋਤਮ ਪ੍ਰਾਪਤ ਕਰਨ ਦਾ ਪ੍ਰਭਾਵਸ਼ਾਲੀ ਸਾਧਨ ਹੈ।

(6) ਯੋਜਨਾ ਦਾ ਲੋਕਤੰਤਰੀਕਰਨ – ਸੰਸਥਾ ਯੋਜਨਾ, ਯੋਜਨਾ ਨਿਰਮਾਣ ਦੀ ਪ੍ਰਕਿਰਿਆ ਦਾ ਲੋਕਤੰਤਰੀਕਰਨ ਕਰਦੀ ਹੈ ਕਿਉਂਕਿ ਇਹ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ, ਮੁੱਖ ਅਧਿਆਪਕ ਆਦਿ ਸਭ ਨੂੰ ਆਪਣੇ ਵਿਸ਼ਵਾਸ ਵਿੱਚ ਲੈਂਦੀ ਹੈ। ਲੋਕਤੰਤਰੀ ਯੋਜਨਾ ਕਰਨ ਸਾਰੇ ਵਿਅਕਤੀਆਂ ਦਾ ਇਸ ਵਿੱਚ ਹਿੱਸਾ ਲੈਣਾ ਸਾਂਝੀ ਹੈ।

(7) ਸਹਿਯੋਗੀ ਕੰਮ – ਸੰਸਥਾ ਯੋਜਨਾ ਇੱਕ ਵਿਅਕਤੀ ਦਾ ਕੰ[ਮ] ਨਹੀਂ। ਇਹ ਇੱਕ ਸਹਿਯੋਗੀ ਕੰਮ ਹੈ। ਇਸ ਵਿੱਚ ਵਿਦਿਆਰਥੀਆਂ, ਅਧਿਆਪਕਾਂ, ਪ੍ਰਬੰਧਕਾਂ

Impressions
Date ______
Page ______

ਸਮੁਦਾਇ ਦੇ ਸਹਿਯੋਗ ਦੀ ਲੋੜ ਹੁੰਦੀ ਹੈ।

(ਙ) <u>ਉਦੇਸ਼ ਕੇਂਦਰਿਤ</u> - ਸੰਸਥਾ ਯੋਜਨਾ ਉਦੇਸ਼ ਕੇਂਦਰਿਤ ਹੁੰਦੀ ਹੈ। ਇਸਦੇ ਸੁਪਰਿਭਾਸ਼ਿਤ ਉਦੇਸ਼ ਹੋਣੇ ਚਾਹੀਦੇ ਹਨ। ਇਹ ਸਕੂਲ ਵਿਕਾਸ ਦੇ ਕਿਸੇ ਮਹੱਤਵਪੂਰਨ ਤੱਤ ਵੱਲ ਪ੍ਰੇਰਿਤ ਹੋਣੀ ਚਾਹੀਦੀ ਹੈ।

## # ਸਿੱਟਾ -

ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਸੰਸਥਾ ਯੋਜਨਾ ਪ੍ਰਾਪਤ ਸਾਧਨਾਂ ਦੀ ਵੱਧ ਤੋਂ ਵੱਧ ਵਰਤੋਂ ਲਈ ਪ੍ਰੇਰਦੀ ਹੈ। ਇਹ ਹਰੇਕ ਅਧਿਆਪਕ ਦੀ ਸੁਤੰਤਰਤਾ ਨੂੰ ਉਤਸ਼ਾਹਿਤ ਕਰਦੀ ਹੈ। ਸੰਸਥਾ ਯੋਜਨਾ ਉਦੇਸ਼ ਕੇਂਦਰਿਤ ਹੁੰਦੀ ਹੈ ਅਤੇ ਇਹ ਰਾਸ਼ਟਰੀ ਵਿਕਾਸ ਯੋਜਨਾਵਾਂ ਦੇ ਅਨੁਕੂਲ ਹੋਣੀ ਚਾਹੀਦੀ ਹੈ।

<u>Refrence</u> - Dr. Walia J.S.
Ahempal Publishers

Scanned with CamScanner